**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

---

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2012/ਐਮ.ਆਈ.ਐਸ./084522-25
ਮਿਤੀ ਚੰਡੀਗੜ੍ਹ 28 ਅਗਸਤ, 2012

ਵਿਸ਼ਾ : **ਦਫਤਰੀ ਕੰਮ ਕਾਜ ਲਈ ਈ-ਮੇਲ ਦੀ ਵੱਧ ਤੋਂ ਵੱਧ ਵਰਤੋਂ ਸਬੰਧੀ।**

1) ਇਸ ਦਫਤਰ ਦੇ ਪੱਤਰ ਨੰ : ਕੋਆਰਡੀਨੇਸ਼ਨ/2012/83168 ਮਿਤੀ 06 ਜੁਲਾਈ, 2012 ਦੀ ਲਗਾਤਾਰਤਾ ਵਿਚ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2) ਪੰਜਾਬ ਰਾਜ ਦੇ ਬਹੁਤ ਸਾਰੇ ਸਕੂਲਾਂ ਤੋਂ ਜਾਣਕਾਰੀ ਮੰਗਵਾਉਣ ਲਈ ਦਫਤਰ ਜਿਲ੍ਹਾ ਸਿੱਖਿਆ ਅਫਸਰ, ਦਫਤਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਾਂ ਮੁੱਖ ਦਫਤਰ ਵਲੋਂ ਪ੍ਰਫਾਰਮੇ ਸਮੇਂ ਸਮੇਂ ਸਿਰ ਸਕੂਲਾਂ ਨੂੰ ਭੇਜੇ ਜਾਂਦੇ ਹਨ। ਜਿਆਦਾਤਰ ਸਕੂਲਾਂ ਵਲੋਂ ਇਹ ਜਾਣਕਾਰੀ ਈ-ਮੇਲ ਰਾਹੀਂ ਭੇਜੀ ਜਾਂਦੀ ਹੈ, ਪਰ ਦਫਤਰੀ ਅਮਲੇ ਵਲੋਂ ਇਹ ਜਾਣਕਾਰੀ ਦੀ ਹਾਰਡ ਕਾਪੀ ਵੀ ਜਮ੍ਹਾ ਕਰਵਾਉਣ ਦੀ ਹਦਾਇਤ ਸਕੂਲਾਂ ਨੂੰ ਕੀਤੀ ਜਾਂਦੀ ਹੈ।

3) ਜਦੋਂ ਵੀ ਕੋਈ ਡਾਕ ਆਦਿ ਈ-ਮੇਲ ਰਾਹੀਂ ਭੇਜੀ ਜਾਂਦੀ ਹੈ ਤਾਂ ਉਸ ਦੀ ਹਾਰਡ ਕਾਪੀ ਭੇਜਣ ਦੀ ਕੋਈ ਜਰੂਰਤ ਨਹੀਂ ਹੁੰਦੀ, ਅਜਿਹਾ ਕਰਨ ਨਾਲ ਜਿੱਥੇ ਪੇਪਰ ਦੀ ਦੁਰਵਰਤੋਂ ਤਾਂ ਹੁੰਦੀ ਹੀ ਹੈ ਨਾਲ ਹੀ ਸਮੇਂ ਦੀ ਬਰਬਾਦੀ ਵੀ ਹੁੰਦੀ ਹੈ। ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਨੂੰ ਜਾਣਕਾਰੀ ਤਿਆਰ ਕਰਨ ਲਈ ਉਪਯੁਕਤ ਸਮਾਂ ਦਿੱਤਾ ਜਾਵੇ ਤਾਂ ਜੋ ਉਹ ਮੰਗੀ ਗਈ ਜਾਣਕਾਰੀ ਆਰਾਮ ਨਾਲ ਤਿਆਰ ਕਰਕੇ ਭੇਜ ਸਕਣ।

4) ਹਾਰਡ ਕਾਪੀ ਸਿਰਫ ਉਸੀ ਹਾਲਤ ਵਿਚ ਮੰਗਵਾਈ ਜਾਵੇ ਜਿਥੇ ਕਿਤੇ ਸਕੂਲ ਵਿਚ ਇੰਟਰਨੈਟ ਆਦਿ ਦੀ ਸਹੂਲਤ ਮੌਜੂਦ ਨਹੀਂ ਹੈ। ਮੁੱਖ ਦਫਤਰ, ਜਿਲ੍ਹਾ ਦਫਤਰ, ਬਲਾਕ ਦਫਤਰ ਅਤੇ ਸਰਕਾਰੀ ਹਾਈ, ਸੀਨੀਅਰ ਸਕੰਡਰੀ ਅਤੇ ਬਹੁਤ ਸਾਰੇ ਮਿਡਲ ਸਕੂਲਾਂ ਵਿਚ ਇੰਟਰਨੈਟ ਆਦਿ ਦੀ ਸਹੂਲਤ ਮੁਹਈਆ ਕਰਵਾਈ ਗਈ ਹੈ। ਜਿਸ ਦਫਤਰ ਜਾਂ ਸਕੂਲ ਵਿਚ ਇੰਟਰਨੈਟ ਉਪਲਬਧ ਹੈ ਉਥੇ ਡਾਕ ਆਦਿ ਭੇਜਣ ਲਈ ਈ-ਮੇਲ ਦੀ ਵਰਤੋਂ ਹੀ ਕੀਤੀ ਜਾਵੇ ਅਤੇ ਕਿਸੇ ਵੀ ਹਾਲਤ ਵਿਚ ਹਾਰਡ ਕਾਪੀ ਨਾ ਮੰਗਵਾਈ ਜਾਵੇ।

5) ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ ਅਧਿਕਾਰੀ ਈ-ਮੇਲ ਮਿਲਣ ਉਪਰੰਤ ਹਾਰਡ ਕਾਪੀ ਦੀ ਮੰਗ ਨਾ ਕਰੇ। ਜੇਕਰ ਈ-ਮੇਲ ਦੀ ਸਹੂਲਤ ਹੋਣ ਦੇ ਬਾਵਜੂਦ ਵੀ ਕੋਈ ਦਫਤਰ ਹਾਰਡ ਕਾਪੀ ਰਾਹੀਂ ਡਾਕ ਮੰਗਵਾਉਂਦਾ ਹੈ ਤਾਂ ਸਬੰਧਤ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

6) ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-** 084526-30

1) ਡੀ.ਪੀ.ਆਈ. (ਸੈ.ਸਿ.) ਅਤੇ (ਐ.ਸਿ.), ਪੰਜਾਬ
2) ਡਾਇਰੈਕਟਰ (ਐਸ.ਸੀ.ਈ.ਆਰ.ਟੀ.), ਪੰਜਾਬ
3) ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
4) ਸਮੂਹ ਕੰਪੋਨੈਂਟ ਮੁੱਖੀ ਐਸ.ਐਸ.ਏ., ਆਰ.ਐਮ.ਐਸ.ਏ., ਮਿਡ-ਡੇ-ਮੀਲ, ਏਜੂਸੈਟ, ਪਿਕਟਸ, ਪੀ.ਈ.ਡੀ.ਬੀ. ਆਦਿ

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**